ਪੰਜਾਬ ਸਰਕਾਰ
ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਅਸ਼ਟਾਮ ਅਤੇ ਰਜਿਸਟਰੀ ਸ਼ਾਖਾ)

ਸੇਵਾ ਵਿਖੇ

1. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ।
2. ਰਾਜ ਦੇ ਸਮੂਹ ਸਬ-ਡਵੀਜਨਲ ਮੈਜਿਸਟ੍ਰੇਟ।
3. ਰਾਜ ਦੇ ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ (ਸਬ ਰਜਿਸਟਰਾਰ/ਜੁਆਇੰਟ ਸਬ ਰਜਿਸਟਰਾਰ)।

ਮੀਮੋ ਨੰ: 24/160/11-ਐਸ.ਟੀ.2/ 6030-6300
ਚੰਡੀਗੜ੍ਹ, ਮਿਤੀ: 12/5/14

ਵਿਸ਼ਾ:- ਅਚੱਲ ਜਾਇਦਾਦ ਦੇ ਮਾਲਕਾਂ ਵਲੋਂ ਆਪਣੇ ਜੀਵਨ ਕਾਲ ਦੌਰਾਨ ਜਾਇਦਾਦ ਆਪਣੇ ਕਾਨੂੰਨੀ ਵਾਰਸਾਂ ਨੂੰ ਤਬਦੀਲ ਕਰਨ ਸਬੰਧੀ ਦਸਤਾਵੇਜਾਂ ਤੇ ਅਸ਼ਟਾਮ ਡਿਊਟੀ ਤੋਂ ਛੋਟ ਦੇਣ ਸਬੰਧੀ।

ਹਵਾਲਾ:- ਇਸ ਵਿਭਾਗ ਦਾ ਮੀਮੋ ਨੰ: 24/160/11-ਐਸ.ਟੀ.2/2706-27, ਮਿਤੀ 17.2.14

****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਵਿਭਾਗ ਵਲੋਂ, ਭਾਰਤੀ ਸਟੈਂਪ ਐਕਟ 1899 ਦੇ ਸੈਕਸ਼ਨ 9(1) (ਏ) ਤਹਿਤ ਆਰਡਰ ਨੰ: S.O.66/C.A.2/1899/S.9/2001, dated 21st December, 2001 (ਜਿਸਦਾ ਅਧਿਲੰਘਣਾ ਕਰਦਿਆਂ ਜਾਰੀ S.O.43/C.A.2/1899/S.9/2006, dated 3rd November, 2006) ਰਾਹੀਂ ਖੇਤੀਬਾੜੀ ਯੋਗ ਜਮੀਨ ਅਤੇ ਲਾਲ-ਲਕੀਰ ਤੋਂ ਬਾਹਰ ਰਿਹਾਇਸ਼ੀ ਜਾਇਦਾਦ ਦੇ ਮਾਲਕਾਂ ਨੂੰ ਆਪਣੇ ਜੀਵਤ ਕਾਲ ਦੌਰਾਨ ਆਪਣੇ ਵਾਰਸਾਂ ਦੇ ਨਾਮ ਜਾਇਦਾਦ ਤਬਦੀਲ ਕਰਨ ਤੇ ਅਸ਼ਟਾਮ ਡਿਊਟੀ ਤੋਂ ਛੋਟ ਦਿੱਤੀ ਗਈ ਹੈ। ਹੁਕਮ S.O.1/C.A.2/1899/S.9/2004, dated 8th January, 2004 ਰਾਹੀਂ ਮਹਿਲਾ, ਪੇਂਡੂ ਖੇਤੀਬਾੜੀ ਯੋਗ ਜਮੀਨ ਅਤੇ ਲਾਲ ਲਕੀਰ ਤੋਂ ਬਾਹਰ ਰਿਹਾਇਸ਼ੀ ਜਾਇਦਾਦ ਦੇ ਮਾਲਕਾਂ ਨੂੰ ਆਪਣੇ ਜੀਵਤ ਕਾਲ ਸਮੇਂ ਦੌਰਾਨ ਜਾਇਦਾਦ ਤਬਦੀਲੀ ਦੇ ਕੇਸਾਂ ਵਿੱਚ ਯੋਗ ਵਾਰਸਾਂ ਨੂੰ ਅਸ਼ਟਾਮ ਡਿਊਟੀ ਤੋਂ ਛੋਟ ਦਿੱਤੀ ਗਈ ਹੈ। ਇਸ ਉਪਰੰਤ ਹੁਕਮ ਨੰ: S.O.20/C.A.2/1899/S.9/2007, dated 27th April, 2007 ਅਤੇ ਹੁਕਮ ਨੰ: S.O.38/C.A.2/1899/S.9/2012, dated 5th July, 2012 ਰਾਹੀਂ ਸ਼ਹਿਰੀ ਰਿਹਾਇਸ਼ੀ, ਕਮਰਸ਼ੀਅਲ, ਉਦਯੋਗਿਕ ਅਤੇ ਖੇਤੀਬਾੜੀ ਜਾਇਦਾਦਾਂ ਦੇ ਮਾਲਕਾਂ ਨੂੰ ਆਪਣੇ ਜੀਵਤ ਕਾਲ ਸਮੇਂ ਦੌਰਾਨ ਯੋਗ ਵਾਰਸਾਂ ਨੂੰ ਅਸ਼ਟਾਮ ਡਿਊਟੀ ਤੋਂ ਛੋਟ ਦਿੱਤੀ ਗਈ ਹੈ।

2. ਹਵਾਲਾ ਅਧੀਨ ਪੱਤਰ ਰਾਹੀਂ ਉਪਰੋਕਤ ਨੋਟੀਫਿਕੇਸ਼ਨਾਂ ਦੀਆਂ ਕਾਪੀਆਂ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਮੁੜ ਭੇਜਦਿਆਂ ਇਹ ਵੀ ਸਪਸ਼ਟ ਕੀਤਾ ਗਿਆ ਸੀ ਕਿ ਇਹ

ਨੋਟੀਫਿਕੇਸ਼ਨਾਂ, ਭਾਵੇਂ ਜਮੀਨ ਜੱਦੀ ਹੋਵੇ ਜਾਂ ਮਾਲਕ ਨੇ ਆਪ ਖਰੀਦੀ ਹੋਵੇ, ਦੋਵਾਂ ਕੇਸਾਂ ਵਿੱਚ ਹੀ ਲਾਗੂ ਹੁੰਦੀਆਂ ਹਨ। ਇਹ ਸਾਰੀਆਂ ਨੋਟੀਫਿਕੇਸ਼ਨਾਂ/ਹਦਾਇਤਾਂ ਇਸ ਵਿਭਾਗ ਦੀ ਵੈੱਬਸਾਇਟ ਨੰ: www.punjabrevenue.nic.in ਤੇ ਉਪਲਬਧ ਹਨ। ਇੰਨ੍ਹਾਂ ਨੋਟੀਫਿਕੇਸ਼ਨਾਂ ਵਿੱਚ ਜਾਇਦਾਦ ਮਾਲਕ ਵਲੋਂ ਆਪਣੇ ਜੀਵਤ ਪੁੱਤਰ ਦੇ ਪੁੱਤਰਾਂ-ਪੁੱਤਰੀਆਂ (ਭਾਵ ਪੋਤੇ-ਪੋਤੀਆਂ) ਅਤੇ ਦੋਹਤੇ-ਦੋਹਤੀਆਂ ਨੂੰ ਜਾਇਦਾਦ ਤਬਦੀਲ ਕਰਨ ਸਮੇਂ, ਜਾਂ ਭੈਣ ਵਲੋਂ ਭਰਾ ਅਤੇ ਭਰਾ ਵਲੋਂ ਭੈਣ ਦੇ ਨਾਮ ਜਾਇਦਾਦ ਤਬਦੀਲ ਕਰਨ ਤੇ, ਅਸ਼ਟਾਮ ਡਿਊਟੀ ਤੋਂ ਛੋਟ ਹੋਣ ਬਾਰੇ ਸਥਿਤੀ ਸਪਸ਼ਟ ਨਹੀਂ ਸੀ।

3. ਉਪਰੋਕਤ ਨੋਟੀਫਿਕੇਸ਼ਨਾਂ ਦੀ ਲੜੀ ਵਿੱਚ ਸਰਕਾਰ ਵਲੋਂ ਨੋਟੀਫਿਕੇਸ਼ਨ ਨੰ: S.O.28/C.A.2/1899/S.9/2014, ਮਿਤੀ 07.05.2014 (ਕਾਪੀ ਨੱਥੀ) ਰਾਹੀਂ ਇਹ ਫੈਸਲਾ ਕੀਤਾ ਗਿਆ ਹੈ ਕਿ ਜਾਇਦਾਦ ਮਾਲਕਾਂ ਵਲੋਂ ਆਪਣੇ ਜੀਵਤ ਕਾਲ ਸਮੇਂ ਦੌਰਾਨ ਆਪਣੀ ਜਾਇਦਾਦ ਆਪਣੇ ਬੱਚਿਆਂ ਭਾਵ ਪੁੱਤਰ-ਪੁੱਤਰੀਆਂ, ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ, ਭੈਣਾਂ ਜਾਂ ਭਰਾਵਾਂ ਦੇ ਨਾਮ ਤਬਦੀਲ ਕਰਨ ਤੇ ਵੀ ਅਸ਼ਟਾਮ ਡਿਊਟੀ ਤੋਂ ਛੋਟ ਹੋਵੇਗੀ। ਇਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ ਮਾਲ(ਏ)

ਪਿੱਠ ਅੰਕਣ ਨੰ:24/160/11-ਐਸ.ਟੀ.2/ 6301 ਚੰਡੀਗੜ੍ਹ, ਮਿਤੀ: 12/5/14

ਇਸ ਦਾ ਇਕ ਉਤਾਰਾ ਇੰਨਸਪੈਕਟਰ ਜਨਰਲ ਆਫ ਰਜਿਸਟ੍ਰੇਸ਼ਨ ਪੰਜਾਬ, ਕਪੂਰਥਲਾ ਰੋਡ, ਜਲੰਧਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ(ੲ)

ਪਿੱਠ ਅੰਕਣ ਨੰ:24/160/11-ਐਸ.ਟੀ.2/6302-06 ਚੰਡੀਗੜ੍ਹ, ਮਿਤੀ: 12/5/14

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰਾਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ(ੲ)

## GOVERNMENT OF PUNJAB

DEPARTMENT OF REVENUE REHABILITATION AND
DISASTER MANAGEMENT
(STAMP AND REGISTRATION BRANCH)

## ORDER

The 7th May, 2014

**No. S.O.28/C.A.2/1899/S.9/2014.**-In continuation of the Government of Punjab, Department of Revenue and Rehabilitation, Notification No. S.O. 43/C.A.2/1899/S.9/2006, dated the 3rd November, 2006 and S.O. 20/C.A.2/1899/S.9/2007, dated the 27th April, 2007, and in exercise of the powers conferred by clause (a) of sub-section (1) of section 9 of the Indian Stamp Act, 1899 (Central Act No. 2 of 1899), and all other powers enabling him in this behalf, the Governor of Punjab is pleased to remit the stamp duty in whole chargeable on the instruments pertaining to transfer of immoveable property by an owner during his life time to any of his blood relation (i.e. children, grand children, brothers and sisters.).

**N.S. KANG,**
Financial Commissioner, Revenue and
Secretary to Government of Punjab,
Department of Revenue, Rehabilitation and
Disaster Management

*486/05-2014/Pb. Govt. Press, S.A.S. Nagar*